ਕਾਰਵਾਈ ਮੀਟਿੰਗ ਮਿਤੀ: 02.11.2018 ਜੋ ਕਿ ਮਾਨਯੋਗ ਘਣਸ਼ਿਆਮ ਥੋਰੀ, ਆਈ.ਏ.ਐਸ ਡਿਪਟੀ ਕਮਿਸ਼ਨਰ, ਸੰਗਰੂਰ ਜੀ ਦੀ ਪ੍ਰਧਾਨਗੀ ਹੇਠ ਦਫਤਰ ਡਿਪਟੀ ਕਮਿਸ਼ਨਰ, ਸੰਗਰੂਰ ਵਿਖੇ ਨਗਰ ਕੌਂਸਲ ਧੂਰੀ ਲਈ ਐਮ.ਪੀ.ਐਸ ਅਤੇ ਐਸ.ਟੀ.ਪੀ ਦੀ ਜਮੀਨ ਪ੍ਰਾਪਤ ਕਰਨ ਸਬੰਧੀ ਸਮਾਂ 04.00 ਵਜੇ ਜਮੀਨ ਦੇ ਰੇਟ ਕਰਨ ਬਾਰੇ ਹੋਈ।

ਇਸ ਮੀਟਿੰਗ ਵਿੱਚ ਹੇਠ ਲਿਖੇ ਅਧਿਕਾਰੀ/ਕਰਮਚਾਰੀ ਹਾਜਰ ਆਏ।

01. ਸ੍ਰੀ ਦੀਪਕ ਰੁਹਿਲਾ, ਉਪ ਮੰਡਲ ਮੈਜਿਸਟਰੇਟ ਧੂਰੀ
02. ਸ੍ਰੀ ਗਗਨਦੀਪ ਸਿੰਘ, ਜਿਲ੍ਹਾ ਮਾਲ ਅਫਸਰ, ਸੰਗਰੂਰ
03. ਸ੍ਰੀ ਗੁਰਜੀਤ ਸਿੰਘ, ਤਹਿਸੀਲਦਾਰ ਧੂਰੀ
04. ਸ੍ਰੀ ਰਮੇਸ਼ ਕੁਮਾਰ, ਕਾਰਜ ਸਾਧਕ ਅਫਸਰ, ਨਗਰ ਕੌਂਸਲ, ਧੂਰੀ
05. ਸ੍ਰੀ ਇੰਦਰਜੀਤ ਸਿੰਘ, ਪੀਏ.ਟੂ.ਐਲ.ਏ ਧੂਰੀ
06. ਸ੍ਰੀ ਅਰਵਿੰਦਰ ਸਿੰਘ, ਉਪ ਮੰਡਲ ਇੰਜੀਨੀਅਰ ਸੀਵਰੇਜ ਬੋਰਡ ਧੂਰੀ
07. ਸ੍ਰੀ ਜਰਨੈਲ ਸਿੰਘ, ਸਾਬਕਾ ਸਰਪੰਚ
08. ਸ੍ਰੀ ਭਗਵੰਤ ਸਿੰਘ, ਭੌਂ ਮਾਲਕ, ਵਾਸੀ ਭੱਟੀਆਂ, ਤਹਿਸੀਲ ਮਾਲੇਰਕੋਟਲਾ

ਪ੍ਰਧਾਨ ਜੀ ਵੱਲੋਂ ਮੀਟਿੰਗ ਵਿੱਚ ਹਾਜਰ ਆਏ ਸਮੂਹ ਅਧਿਕਾਰੀਆਂ/ਵਿਅਕਤੀਆਂ ਨੂੰ ਜੀ ਆਇਆਂ ਕਹਿੰਦੇ ਹੋਏ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ। ਕਾਰਜ ਸਾਧਕ ਅਫਸਰ ਧੂਰੀ ਵੱਲੋਂ ਪ੍ਰਧਾਨ ਜੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਪਿੰਡ ਦੌਲਤਪੁਰ ਵਿਖੇ ਸੀਵਰੇਜ ਟਰੀਟਮੈਂਟ ਪਲਾਂਟ (ਐਸ.ਟੀ.ਪੀ) ਲਗਾਉਣ ਲਈ 14 ਕਨਾਲ 16 ਮਰਲੇ ਰਕਬਾ ਲੋੜੀਂਦਾ ਹੈ।

ਦਫਤਰ ਨਗਰ ਕੌਂਸਲ ਧੂਰੀ ਨੇ ਆਪਣੇ ਪੱਤਰ ਨੰ: 2568 ਮਿਤੀ: 27.07.2018 ਰਾਹੀਂ ਬੇਨਤੀ ਕੀਤੀ ਹੈ ਕਿ ਡਿਸਟ੍ਰਿਕ ਲੈਵਲ ਪ੍ਰਾਈਸ ਫਿਕਸੇਸ਼ਨ ਕਮੇਟੀ ਤੋਂ ਜੋਨ ਨੰ: 2 ਦੌਲਤਪੁਰ ਰੋਡ, ਸਾਈਟ ਦੀ ਪ੍ਰਾਈਸ ਫਿਕਸ ਕਰਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਕੰਮ ਨੇਪਰੇ ਚਾੜਿਆ ਜਾ ਸਕੇ। ਇਨ੍ਹਾਂ ਹਦਾਇਤਾਂ ਅਨੁਸਾਰ ਜਿਹੜੇ ਰੇਟ ਇਹ ਜਮੀਨ ਮਾਲਕਾਂ ਨੂੰ ਦਿੱਤੀ ਜਾਣੀ ਹੈ ਉਹ ਜਿਲ੍ਹਾ ਰੇਟ ਨਿਰਧਾਰਤ ਕਮੇਟੀ ਵੱਲੋਂ ਨਿਰਧਾਰਤ ਕੀਤਾ ਜਾਣਾ ਹੈ।

ਇਸ ਕੇਸ ਵਿੱਚ ਉਪ ਮੰਡਲ ਮੈਜਿਸਟਰੇਟ ਧੂਰੀ ਦੀ ਰਿਪੋਰਟ ਪੱਤਰ ਨੰ: 602/ਖੇਵਟ ਮਿਤੀ: 15.09.2018 ਮੁਤਾਬਕ ਸ੍ਰੀ ਭਗਵੰਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਭੱਟੀਆ ਖੁਰਦ ਤਹਿਸੀਲ ਮਾਲੇਰਕੋਟਲਾ ਜਿਲ੍ਹਾ ਸੰਗਰੂਰ ਖੇਵਟਦਾਰ ਪਿੰਡ ਦੌਲਤਪੁਰ ਪਾਸ 40 ਕਨਾਲ 6 ਮਰਲੇ ਰਕਬਾ ਹੈ। ਇਹ ਰਕਬੇ ਦਾ ਇਕੱਲਾ ਹੀ ਮਾਲਕ ਵਾ ਕਾਬਜ਼ ਹੈ। ਇਸ ਰਕਬੇ ਤੇ ਕੋਈ ਲੋਨ ਨਹੀਂ ਹੈ ਅਤੇ ਨਾ ਹੀ ਕੋਈ ਸਟੇਅ ਵਗੈਰਾ ਹੈ। ਇਸ ਜਮੀਨ ਵਿੱਚ ਕੋਈ ਵਿੱਚ ਕੋਈ ਦਰਖੱਤ ਜਾਂ ਉਸਾਰੀ ਨਹੀਂ ਹੈ। ਪਿਛਲੇ ਤਿੰਨ ਸਾਲਾਂ ਦੇ ਕੁਲੈਕਟਰ ਰੇਟ ਅਨੁਸਾਰ ਔਸਤ ਕੀਮਤ 10,04,500/- ਰੁਪਏ ਫੀ ਏਕੜ ਹੈ ਅਤੇ ਇੰਤਕਾਲਾਂ ਦੀ ਛਾਂਟ ਮੁਤਾਬਿਕ ਇਸ ਰਕਬੇ ਦੀ ਕੀਮਤ 11,24,112/- ਰੁਪਏ ਫੀ ਏਕੜ ਬਣਦੀ ਹੈ। ਇਹ ਰਕਬਾ ਧੂਰੀ ਤੋਂ ਦੌਲਤਪੁਰ ਲਿੰਕ ਰੋਡ ਤੋਂ ਲਗਭਗ ਅੱਧਾ ਕਿਲੋਮੀਟਰ ਦੂਰੀ ਤੇ ਹੈ। ਇਹ ਰਕਬਾ ਡਰੇਨ ਦੇ ਪੁੱਲ ਤੋਂ ਚੜਦੇ ਵਾਲੇ ਪਾਸੇ ਤਕਰੀਬਨ ਅੱਧਾ ਕਿਲੋਮੀਟਰ ਦੂਰ ਹੈ। ਇਸ ਰਕਬੇ ਦੀਆਂ ਤਕਰੀਬਨ 44 ਕਰਮਾਂ ਡਰੇਨ ਤੇ ਲਗਦੀਆਂ ਹਨ। ਇਸ ਰਕਬੇ ਨੂੰ ਰਸਤਾ ਦੌਲਤਪੁਰ ਤੋਂ ਬਰੜਵਾਲ ਲਿੰਕ ਰੋਡ ਤੋਂ ਲੱਗਦਾ ਹੈ।

ਇਸ ਜਮੀਨ ਦਾ ਭੌਂ ਮਾਲਕ ਭਗਵੰਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਭੱਟੀਆਂ ਤਹਿ: ਮਾਲੇਰਕੋਟਲਾ ਨੇ ਆਪਣੀ ਦਰਖਾਸਤ ਰਾਹੀਂ ਕਿਹਾ ਕਿ ਉਹ ਇਸ ਜਮੀਨ ਨੂੰ 9,25,000/- ਰੁਪਏ ਫੀ ਬਿੱਘੇ ਦੇ ਹਿਸਾਬ ਨਾਲ ਵੇਚਣ ਨੂੰ ਤਿਆਰ ਹੈ ਅਤੇ ਉਹ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਉਜਾੜਾ ਭੱਤਾ ਵੀ ਲਵੇਗਾ।

ਤਹਿਸੀਲਦਾਰ ਧੂਰੀ ਨੇ ਆਪਣੇ ਪੱਤਰ ਨੰ: 2996/ਦਕ ਮਿਤੀ: 2.11.2018 ਰਾਹੀਂ ਰਿਪੋਰਟ ਕੀਤੀ ਕਿ ਪਿੰਡ ਦੌਲਤਪੁਰ ਦੀ ਮੌਜੂਦਾ ਕੁਲੈਕਟਰ ਰੇਟ 6,50,000/- ਰੁਪਏ ਫੀ ਏਕੜ ਅਤੇ 1,35,417/-ਰੁਪਏ ਫੀ ਬਿੱਘਾ ਬਣਦੀ ਹੈ। ਪਿਛਲੇ ਤਿੰਨ ਸਾਲਾਂ ਦੇ ਛਾਂਟ ਰੇਟ ਮੁਤਾਬਿਕ ਇਸ ਰਕਬੇ ਦੀ ਕੀਮਤ 11,24,112/-ਰੁਪਏ ਫੀ ਏਕੜ ਅਤੇ 2,34,190/- ਰੁਪਏ ਫੀ ਬਿੱਘਾ ਬਣਦੀ ਹੈ।

ਉਪਰੋਕਤ ਦਰਸਾਏ ਸਾਰੇ ਰੇਟ ਵਿਚਾਰੇ ਗਏ ਜੇਕਰ ਇਸ ਰਕਬੇ ਨੂੰ The Right to Fair Compensation and Transparency in Land Acquisition, Rehabilitation and Resettlement

Scanned by CamScanner

Act, 2013 ਅਨੁਸਾਰ ਐਕੁਆਇਰ ਕੀਤਾ ਜਾਂਦਾ ਹੈ ਤਾਂ ਡੀਸੀ ਰੇਟ ਅਨੁਸਾਰ 2,34,190/- ਰੁਪਏ ਪ੍ਰਤੀ ਵਿੱਘਾ ਵਿਚ 100 ਪ੍ਰਤੀਸ਼ਤ ਸੋਲੇਸ਼ੀਅਮ ਪਾ ਕੇ ਮੁਆਵਜ਼ੇ ਦੀ ਕੁੱਲ ਕੀਮਤ 4,68,380/- ਰੁਪਏ ਪ੍ਰਤੀ ਵਿੱਘਾ ਬਣੇਗੀ।

ਹਾਜ਼ਰ ਮੈਂਬਰ ਇਸ ਗੱਲ ਉਪਰ ਸਹਿਮਤ ਹੋਏ ਕਿ ਇਸ ਵਿਚਾਰ ਅਧੀਨ ਜ਼ਮੀਨ ਦਾ ਰੇਟ 4,50,000/- ਰੁਪਏ ਪ੍ਰਤੀ ਵਿੱਘਾ ਦੇਣਾ ਯੋਗ ਹੋਵੇਗਾ।

ਡਿਪਟੀ ਕਮਿਸ਼ਨਰ,
ਸੰਗਰੂਰ।

ਪਿੱਠ ਅੰਕਣ ਨੰ: 3659-363 /ਮਾਲ ਮਿਤੀ: 5.12.18

ਇਸ ਦਾ ਇਕ ਉਤਾਰਾ:-

1. ਮਾਣਯੋਗ Chief Executive Officer, Punjab water Supply & Sewerage Board, Chandigarh (Punjab) ਜੀ ਪਾਸ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ।
2. ਉਪ ਮੰਡਲ ਮੈਜਿਸਟਰੇਟ ਧੂਰੀ ਪਾਸ ਆਪ ਜੀ ਦੇ ਪੱਤਰ ਨੰ: 602/ਐਵਟ ਮਿਤੀ: 15.09.2018 ਦੇ ਸਬੰਧ ਵਿੱਚ ਸੂਚਨਾ ਹਿੱਤ।
3. ਕਾਰਜਕਾਰੀ ਇੰਜੀਨੀਅਰ, ਸੀਵਰੇਜ ਬੋਰਡ, ਸੰਗਰੂਰ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਸਬੰਧੀ ਤੁਰੰਤ ਲੋੜੀਂਦੀ ਕਾਰਵਾਈ ਕੀਤੀ ਜਾਵੇ।
4. ਕਾਰਜ ਸਾਧਕ ਅਫਸਰ, ਨਗਰ ਕੌਂਸਲ ਧੂਰੀ ਪਾਸ ਨਿਯਮਾਂ ਅਧੀਨ ਲੋੜੀਂਦੀ ਕਾਰਵਾਈ ਲਈ ਘੱਲਿਆ ਜਾਂਦਾ ਹੈ।
5. ਸ੍ਰੀ ਭਗਵੰਤ ਸਿੰਘ, ਭੋਂ ਮਾਲਕ ਵਾਸੀ ਛੱਟੀਆਂ, ਤਹਿਸੀਲ ਮਾਲੇਰਕੋਟਲਾ, ਜਿਲ੍ਹਾ ਸੰਗਰੂਰ ਪਾਸ ਸੂਚਨਾ ਹਿੱਤ ਘੱਲਿਆ ਜਾਂਦਾ ਹੈ ਜੀ।

ਡਿਪਟੀ ਕਮਿਸ਼ਨਰ,
ਸੰਗਰੂਰ।

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ**
**ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ।**

ਪਿੱਠ ਅੰਕਣ ਨੰ: ਪਵਸਸਬ-2018/ਵ-3/ 22268 ਮਿਤੀ: 21/12/18

ਉਪਰੋਕਤ ਦੀ ਨਕਲ ਮੁੱਖ ਇੰਜੀਨੀਅਰ(ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜਕੇ ਲਿਖ ਦਿੱਤਾ ਜਾਵੇ ਕਿ ਉਕਤ ਵਿਸੇ ਅੰਕਿਤ ਮਾਮਲੇ ਸਬੰਧੀ ਲੋੜੀਂਦੀ ਕਾਰਵਾਈ ਉਕਤ ਵਿਸੇ ਅੰਕਿਤ ਮਾਮਲੇ ਤੇ ਲੋੜੀਦੀ ਕਾਰਵਾਈ ਕੀਤੀ ਜਾਵੇ ਜੀ।

ਕਾਰਜਕਾਰੀ ਇੰਜੀਨੀਅਰ (ਵ)

Scanned by CamScanner